ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
ਨੋਟੀਫਿਕੇਸ਼ਨ

ਨੰਬਰ:- IDSP/NHM/PO/20/4995　　　　ਮਿਤੀ 15/5/2020.

ਮੈਂ ਡਾਕਟਰ ਅਵਨੀਤ ਕੌਰ, ਡਾਇਰੈਕਟਰ ਹੈਲਥ ਸਰਵਿਸਸ, ਪੰਜਾਬ ਸਰਕਾਰ ਵਲੋਂ ਐਪੀਡੈਮਿਕ ਡਿਜ਼ੀਜ਼ ਐਕਟ 1897 ਦੇ ਰੂਲ 12(ix) ਅਧੀਨ ਮੈਨੂੰ ਪ੍ਰਾਪਤ ਪਾਵਰਾਂ ਦਾ ਇਸਤੇਮਾਲ ਕਰਦੇ ਹੋਏ ਸਮੁੱਚੇ ਪੰਜਾਬ ਰਾਜ ਵਿਚ ਹੇਠ ਲਿਖੇ ਰੋਕਥਾਮ ਦੇ ਉਪਰਾਲੇ ਨੋਟੀਫਿਕੇਸ਼ਨ ਨੰ: IDSP/NHM/PO/20/2460 ਮਿਤੀ 10.04.2020 ਦੁਆਰਾ ਲਾਗੂ ਕੀਤੇ ਸਨ।

1. ਕਿਸੇ ਵੀ ਵਿਅਕਤੀ ਲਈ ਕਿਸੇ ਜਨਤਕ ਸਥਾਨ, ਗਲੀਆਂ, ਹਸਪਤਾਲ, ਦਫਤਰ, ਮਾਰਕਿਟ ਆਦਿ ਵਿਚ ਜਾਣ ਸਮੇਂ ਸੂਤੀ ਕੱਪੜੇ ਦਾ ਮਾਸਕ ਜਾਂ ਟ੍ਰਿਪਲ ਲੇਅਰ ਮਾਸਕ ਪਾਉਣਾ ਜਰੂਰੀ ਹੋਵੇਗਾ।
2. ਕਿਸੇ ਵੀ ਵਾਹਨ ਵਿਚ ਸਫਰ ਕਰ ਰਿਹਾ ਵਿਅਕਤੀ ਵੀ ਇਹ ਮਾਸਕ ਜਰੂਰ ਪਹਿਨੇਗਾ।
3. ਕਿਸੇ ਵੀ ਦਫਤਰ/ਕੰਮ ਦੇ ਸਥਾਨ/ਕਾਰਖਾਨੇ ਆਦਿ ਵਿਚ ਕੰਮ ਕਰਨ ਵਾਲਾ ਹਰ ਵਿਅਕਤੀ ਵੀ ਉਪਰੋਕਤ ਦਰਸਾਏ ਅਨੁਸਾਰ ਮਾਸਕ ਪਹਿਨੇਗਾ।
4. ਇਸ ਵਿਚ ਉਹ ਮਾਸਕ ਵੀ ਸ਼ਾਮਿਲ ਹੈ, ਜੋ ਕਿ ਘਰ ਚ ਸੂਤੀ ਕੱਪੜੇ ਨਾਲ ਤਿਆਰ ਕੀਤਾ ਗਿਆ ਹੈ, ਜਿਸਨੂੰ ਸਾਬਣ/ਡਿਟਰਜੈਂਟ ਨਾਲ ਚੰਗੀ ਤਰ੍ਹਾਂ ਧੋ ਕੇ ਦੁਬਾਰਾ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਜੇਕਰ ਮਾਸਕ ਉਪਲਬੱਧ ਨਹੀਂ ਹੈ ਤਾਂ ਰੁਮਾਲ, ਦੁਪੱਟਾ, ਪਰਨਾ ਆਦਿ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

ਪੰਜਾਬ ਸਰਕਾਰ ਵਲੋਂ ਐਪਿਡੈਮਿਕ ਡਿਜ਼ੀਜ਼ ਐਕਟ 1897 ਦੇ ਸੈਕਸ਼ਨ 2,3 ਤੇ 4 ਅਧੀਨ ਦਿੱਤੀਆਂ ਗਈਆਂ ਪਾਵਰਾਂ ਦੀ ਵਰਤੋਂ ਕਰਦੇ ਹੋਏ ਨੋਟੀਫਿਕੇਸ਼ਨ ਨੰ: 14/7/2020-4/ਸਿ.ਪ./677 ਮਿਤੀ 05.03.2020 ਰਾਹੀਂ ਕੋਵਿਡ-19 ਤੋਂ ਬਚਾਅ ਅਤੇ ਰੋਕਥਾਮ ਦੇ ਲਈ ਰੈਗੂਲੇਸ਼ਨ ਜਾਰੀ ਕੀਤੇ ਗਏ।

ਉਪਰੋਕਤ ਰੈਗੂਲੇਸ਼ਨ ਦੇ ਰੂਲ 12(ix) ਦੇ ਅਨੁਸਾਰ ਡਾਇਰੈਕਟਰ ਹੈਲਥ ਸਰਵਿਸਸ ਨੂੰ ਕੋਵਿਡ-19 ਦੀ ਰੋਕਥਾਮ ਲਈ ਕੋਈ ਵੀ ਫੈਸਲਾ ਲੈਣ ਲਈ ਅਧਿਕਾਰਿਤ ਕੀਤਾ ਗਿਆ ਹੈ।

ਇਸ ਰੈਗੂਲੇਸ਼ਨ ਦੇ ਅੰਦਰ ਧਾਰਾ 12(ix) ਦੀ ਵਰਤੋਂ ਕਰਦੇ ਹੋਏ ਜੇਕਰ ਕੋਈ ਵਿਅਕਤੀ ਮਾਸਕ ਨਹੀਂ ਪਹਿਨੇਗਾ ਤਾਂ ਉਸ ਨੂੰ 200/- ਦਾ ਜੁਰਮਾਨਾ ਹੋਵੇਗਾ ਅਤੇ ਜੇਕਰ ਕੋਈ ਵਿਅਕਤੀ ਘਰ ਇਕਾਂਤਵਾਸ ਦੀ ਉਲੰਘਣਾ ਕਰੇਗਾ ਤਾਂ ਉਸ ਨੂੰ 500/- ਦਾ ਜੁਰਮਾਨਾ ਅਤੇ ਜੇ ਕੋਈ ਵਿਅਕਤੀ ਜਨਤਕ ਥਾਂ ਤੇ ਥੁਕੇਗਾ ਤਾਂ ਉਸ ਨੂੰ 100/- ਦਾ ਜੁਰਮਾਨਾ ਹੋਵੇਗਾ। ਉਹ ਸਾਰੇ ਅਧਿਕਾਰੀ ਜੋ ਕਿ ਬੀ.ਡੀ.ਪੀ.ਓ. ਦੇ ਅਹੁੱਦੇ ਤੋਂ ਘੱਟ ਨਹੀਂ ਹੋਣਗੇ ਜਾਂ ਉਹ ਸਾਰੇ ਅਧਿਕਾਰੀ ਜੋ ਕਿ ਨੈਬ ਤਹਿਸਦਾਰ ਦੇ ਅਹੁੱਦੇ ਤੋਂ ਘੱਟ ਨਹੀਂ ਹੋਣਗੇ ਜਾਂ ਉਹ ਸਾਰੇ ਪੁਲਿਸ ਅਫਸਰ ਜੋ ਕਿ ਏ.ਐਸ.ਆਈ. ਪੁਲਿਸ ਦੇ ਅਹੁੱਦੇ ਤੋਂ ਘੱਟ ਨਹੀਂ ਹੋਣਗੇ ਜਾਂ ਉਹ ਸਾਰੇ ਸ਼ਹਿਰੀ ਸਥਾਨਕ ਸੰਸਥਾਵਾਂ ਜਾਂ ਮਿਊਨਸੀਪਲ ਕਾਰਪੋਰੇਸ਼ਨ ਦੇ ਅਧਿਕਾਰੀਆਂ ਦੁਆਰਾ ਅਧਿਕਾਰਿਤ ਕੀਤੇ ਹੋਣਗੇ, ਇਸ ਨੂੰ ਲਾਗੂ ਕਰਵਾਉਣਗੇ।

ਜੇਕਰ ਕੋਈ ਵਿਅਕਤੀ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਦਾ ਹੈ ਤਾਂ ਉਸਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਨ੍ਹਾਂ ਹਦਾਇਤਾਂ ਦੀ ਇਨ ਬਿਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਡਾ. ਅਵਨੀਤ ਕੌਰ
ਡਾਇਰੈਕਟਰ ਹੈਲਥ ਸਰਵਿਸਸ
ਪੰਜਾਬ, ਸਰਕਾਰ।

ਪਿਠ ਅੰਕਣ ਨੰ: IDSP/NHM/PO/20/4996-5004　　　　ਮਿਤੀ: 15/5/2020

1. ਮੁੱਖ ਸੱਕਤਰ, ਪੰਜਾਬ।
2. ਵਧੀਕ ਮੁੱਖ ਸਕੱਤਰ ਗ੍ਰਹਿ ਤੇ ਨਿਆਂ।
3. ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ।
4. ਪ੍ਰਮੁੱਖ ਸਕੱਤਰ, ਮੁੱਖ ਮੰਤਰੀ, ਪੰਜਾਬ।
5. ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ ਵਿਭਾਗ, ਪੰਜਾਬ।
6. ਹੈਡ ਸਟੇਟ ਕੋਵਿਡ-19 ਕੰਟਰੋਲ ਰੂਮ, ਪੰਜਾਬ।
7. ਸਮੂਹ ਡਿਪਟੀ ਕਮਿਸ਼ਨਰ, ਪੰਜਾਬ।
8. ਸਮੂਹ ਵਿਭਾਗ ਦੇ ਮੁੱਖੀ, ਪੰਜਾਬ।
9. ਸਮੂਹ ਸਿਵਲ ਸਰਜਨ, ਪੰਜਾਬ।

ਡਾ. ਅਵਨੀਤ ਕੌਰ
ਡਾਇਰੈਕਟਰ ਹੈਲਥ ਸਰਵਿਸਸ
ਪੰਜਾਬ, ਸਰਕਾਰ।